**ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ/ਐ.ਸਿੱ)
ਸਮੂਹ ਸਕੂਲ ਮੁੱਖੀ (ਵੈਬਸਾਇਟ ਰਾਹੀਂ)
ਪੰਜਾਬ।

**ਮੀਮੋ ਨੰ:** ਸਮੱਗਰਾ/ਸਮਾਰਟ ਸਕੂਲ/2020 214916 ਮਿਤੀ: 7.09.2020

**ਵਿਸ਼ਾ: ਸਕੂਲਾਂ ਦੀ ਦਿਖ ਸੁਧਾਰਨ ਵਿੱਚ ਦਾਨੀ ਸਜਨਾਂ/ਸੰਸਥਾਵਾਂ ਵੱਲੋਂ ਪਾਏ ਗਏ ਯੋਗਦਾਨ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਨੂੰ ਇਹ ਦੱਸਦੇ ਹੋਏ ਵਿਭਾਗ ਬੜੀ ਪ੍ਰਸੰਨਤਾ ਮਹਿਸੂਸ ਕਰ ਰਿਹਾ ਹੈ ਕਿ ਸਰਕਾਰੀ ਸਕੂਲਾਂ ਨੂੰ ਸਮਾਰਟ ਸਕੂਲਾਂ ਵਿੱਚ ਤਬਦੀਲ ਕਰਨ ਲਈ ਗ੍ਰਾਮ ਪੰਚਾਇਤ, Local Community, ਦਾਨੀ ਸੱਜਨਾਂ, ਸਕੂਲ ਮੈਨੇਜਮੈਂਟ ਕਮੇਟੀ, CSR/NGO ਅਤੇ ਸਕੂਲਾ ਸਟਾਫ ਵੱਲੋਂ ਵੱਧ ਚੜ੍ਹ ਕੇ ਹਿੱਸਾ ਪਾਇਆ ਜਾ ਰਿਹਾ ਹੈ। ਇਹਨਾਂ ਦੇ ਅਣਥੱਕ ਉਪਰਾਲਿਆਂ ਅਤੇ ਸਹਿਯੋਗ ਸਦਕਾ ਹੁਣ ਤੱਕ ਲਗਭਗ 6000 ਸਰਕਾਰੀ ਸਕੂਲ ਸਮਾਰਟ ਸਕੂਲਾਂ ਵਿੱਚ ਤਬਦੀਲ ਹੋ ਚੁੱਕੇ ਹਨ। ਇਸ ਨਾਲ ਜਿੱਥੇ ਸਕੂਲਾਂ ਦੀ ਨੁਹਾਰ ਬਦਲੀ ਹੈ, ਉਥੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਅਤੇ Quality Education ਵਿੱਚ ਵੀ ਸੁਧਾਰ ਹੋਇਆ ਹੈ।

3.0 ਭਾਵੇ ਕਿ ਵਿਭਾਗ ਵੱਲੋਂ ਸਮੇਂ-ਸਮੇਂ ਤੇ ਇਹਨਾਂ ਦਾਨੀ ਸਜਨਾਂ, ਸਕੂਲ ਮੈਨੇਜਮੈਂਟ ਕਮੇਟੀ, CSR/NGO ਅਤੇ ਸਕੂਲਾ ਸਟਾਫ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ। ਪਰੰਤੂ ਵੱਖ-ਵੱਖ ਮੀਟਿੰਗਾਂ ਦੌਰਾਨ ਸਕੂਲ ਮੁੱਖੀਆਂ/ਅਧਿਆਪਕਾਂ ਵੱਲੋਂ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕਈ ਵਾਰ ਵਿਭਾਗ ਕੋਲ ਇਹਨਾਂ ਸੰਸਥਾਵਾਂ/ਦਾਨੀ ਸਜਨਾਂ ਵੱਲੋਂ ਪਾਏ ਗਏ ਯੋਗਦਾਨ ਸਬੰਧੀ ਮੁਕੰਮਲ ਜਾਣਕਾਰੀ ਨਹੀਂ ਹੁੰਦੀ। ਜਿਸ ਕਾਰਨ ਇਹ ਸੰਸਥਾਵਾਂ/ਦਾਨੀ ਸਜਨਾਂ ਨੂੰ ਸਨਮਾਨਿਤ ਹੋਣ ਤੋਂ ਵਾਂਝੇ ਰਹਿ ਜਾਂਦੇ ਹਨ।

4.0 ਉੱਕਤ ਦੇ ਸਨਮੁੱਖ ਵਿਭਾਗ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ E-Punjab Portal ਤੇ Link Generate ਕਰਕੇ ਅਜਿਹੇ ਸੰਸਥਾਵਾਂ/ਦਾਨੀ ਸਜਨਾਂ ਦੀ ਸੂਚਨਾ ਇੱਕਤਰ ਕੀਤੀ ਜਾਵੇ ਤਾਂ ਜੋ ਉਹਨਾਂ ਵੱਲੋਂ ਸਕੂਲਾਂ ਦੀ ਬੇਹਤਰੀ ਲਈ ਪਾਏ ਗਏ ਯੋਗਦਾਨ ਲਈ ਸਨਮਾਨਿਤ ਕੀਤਾ ਜਾਵੇ। ਇਸ ਲਈ ਵਿਭਾਗ ਵੱਲੋਂ ਇਕ ਪ੍ਰੋਫਾਰਮਾ ਤਿਆਰ ਕੀਤਾ ਗਿਆ ਹੈ। ਜਿਸਦਾ Link E-Punjab Portal ਤੇ ਦਿੱਤਾ ਗਿਆ ਹੈ। ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਹ E-Punjab Portal ਤੇ ਦਿੱਤੇ Link ਉਪਰ ਉੱਕਤ ਸਬੰਧੀ ਸੂਚਨਾ ਮਿਤੀ 15-09-2020 ਤੱਕ ਭਰੀ ਜਾਵੇ ਤਾਂ ਜੋ ਇਹਨਾਂ ਸੰਸਥਾਵਾਂ/ਦਾਨੀ ਸਜਨਾਂ ਦਾ ਬਣਦਾ ਮਾਨ ਸਨਮਾਨ ਕੀਤਾ ਜਾ ਸਕੇ।

5.0 ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ Link ਵਿੱਚ ਦਿੱਤੇ ਗਏ ਪ੍ਰੋਫਾਰਮੇ ਵਿੱਚ ਭਰੀ ਗਈ ਸਚੂਨਾ ਦਾ ਵਿਭਾਗ ਵੱਲੋਂ ਕੋਈ ਵੱਖਰਾ ਆਡਿਟ ਨਹੀਂ ਕੀਤਾ ਜਾਵੇਗਾ।

**ਸਕੱਤਰ ਸਕੂਲ ਸਿੱਖਿਆ, ਪੰਜਾਬ**

**ਪਿੱਠ ਅੰਕਣ ਨੰ:** ਸਮੱਗਰਾ/ਸਮਾਰਟ ਸਕੂਲ/2020 214916 ਮਿਤੀ: 7.9.2020

ਉੱਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਜੀ.ਐਸ.ਈ., ਪੰਜਾਬ।
2. ਡੀ.ਪੀ.ਆਈ (ਸੈ.ਸਿੱ/ਐ.ਸਿੱ)।
3. ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
4. ਡੀ.ਐਮ.(ਐਮ.ਆਈ.ਐਸ.)
5. ਸਮੂਹ ਡੀ.ਐਸ.ਐਮ.।
6. ਸਮੂਹ ਏ.ਸੀ. ਸਮਾਰਟ ਸਕੂਲ।

**ਸਕੱਤਰ ਸਕੂਲ ਸਿੱਖਿਆ, ਪੰਜਾਬ**